# ਜਨ ਪਾਇਓ ਹਰਿ ਕਾ ਧਾਮ

**ਧਨਾਸਰੀ ਮਹਲਾ ੫ ।।**

**ਜਨ ਕੇ ਪੂਰਨ ਹੋਏ ਕਾਮ।।**

**ਕਲੀ ਕਾਲ ਮਹਾ ਬਿਖਿਆ ਮਹਿ ਲਜਾ ਰਾਖੀ ਰਾਮ।।੧।।ਰਹਾਉ।।**

ਇਹ ਸ਼ਬਦ, ਸ੍ਰੀ ਗੁਰੂ ਅਰਜਨ ਸਾਹਿਬ ਨੇ, ਰਾਗ ਧਨਾਸਰੀ ਵਿਚ ਉਚਾਰਣ ਕੀਤਾ ਹੈ ਜੋ ਪੰਨਾ ੬੮੨ ਤੇ ਅੰਕਤ ਹੈ।

-- ਸ੍ਰੀ ਗੁਰੂ ਅਰਜਨ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਦੇ ਜਨ, ਭਗਤ ਦੇ ਕਾਰਜ ਆਪੇ ਹੀ ਰਾਸ ਹੋ ਜਾਂਦੇ ਹਨ।

ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੫੪੮ ਤੇ, ਫ਼ੁਰਮਾਣ ਕਰਦੇ ਹਨ ਕਿ ਭਗਤਾਂ ਨੂੰ, ਪ੍ਰਭੂ ਆਪ ਹੀ ਆਪਣਾ ਬਣਾ ਲੈਂਦਾ ਹੈ ਅਤੇ ਉਨ੍ਹਾਂ ਦੇ ਸਾਰੇ ਕਾਰਜ ਰਾਸ ਹੋ ਜਾਂਦੇ ਹਨ - 'ਭਗਤਾ ਕਾ ਹਰਿ ਅੰਗੀਕਾਰੁ ਕਰੇ ਕਾਰਜੁ ਸੁਹਾਵਾ ਹੋਇ।।'

-- ਕਲਿਜੁਗ ਵਰਗੇ ਭਿਆਨਕ ਸਮੇਂ, ਮਾਇਆ ਰੂਪ ਬਿਖ ਦੇ ਜ਼ਬਰਦਸਤ ਪ੍ਰਭਾਉ ਦੇ ਰਹਿੰਦਿਆਂ, ਵਾਹਗੁਰੂ ਆਪ ਹੀ ਭਗਤਾਂ ਦੀ ਲਜਿਆ ਰਖਦਾ ਹੈ, ਭਾਵ, ਮਾਇਆ ਦੇ ਭਿਆਨਕ ਅਸਰ ਤੋਂ ਬਚਾਈ ਰਖਦਾ ਹੈ।੧।ਰਹਾਉ।

ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੧੦੨੪ ਤੇ ਸਮਝਾਉਂਦੇ ਹਨ ਕਿ ਕਲਿਜੁਗ ਦੇ ਭਿਆਨਕ ਸਮੇਂ ਵਿਚ ਸਿਰਫ਼ ਪ੍ਰਭੂ ਹੀ ਹੈ ਜੋ ਮਾਇਆ ਦੇ ਪ੍ਰਭਾਉ ਤੋਂ ਬਚਾ ਸਕਦਾ ਹੈ, ਜੋ ਉਸ ਨੂੰ ਧਿਆਉਂਦਾ ਹੈ ਉਸ ਦੀ ਉਹ, ਇਸ ਮਾਇਆ ਦੇ ਪ੍ਰਭਾਉ ਤੋਂ ਰਖਿਆ ਕਰ ਦਿੰਦਾ ਹੈ। ਇਹ ਸਚਿਆਈ ਪੂਰੇ ਗੁਰੂ ਬਿਨਾਂ ਕਿਸੇ ਹੋਰ ਨੇ ਕਦੇ ਕਿਸੇ ਨੂੰ ਨਹੀਂ ਸਮਝਾਈ, ਭਾਵ, ਜਿਸ ਨੂੰ ਪੂਰਾ ਗੁਰੂ ਮਿਲਿਆ ਹੈ ਉਸੇ ਨੂੰ ਹੀ ਸਮਝ ਹੋ ਸਕਦੀ ਹੈ - 'ਕਲੀ ਕਾਲ ਮਹਿ ਇਕ **ਕਲ** ਰਾਖੀ।। ਬਿਨੁ ਗੁਰ ਪੂਰੇ ਕਿਨੈ ਨ ਭਾਖੀ।।' '**ਕਲ**' ਸ਼ਬਦ ਪ੍ਰਭੂ ਦੇ ਅਰਥਾਂ ਵਿਚ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵੀ ਵਰਤਿਆ ਹੈ - 'ਜੋ **ਕਲਿ** ਕੋ ਇਕ ਬਾਰ ਧਿਐ ਹੈ।। ਤਾ ਕੇ ਕਾਲ ਨਿਕਟ ਨ ਐ ਹੈ।।'

ਪੰਜਵੇਂ ਪਾਤਸ਼ਾਹ ਦਾ, ਪੰਨਾ ੭੪੪ ਤੇ ਫ਼ੁਰਮਾਣ ਹੈ ਕਿ ਕਲਿਜੁਗ ਦੇ ਸਮੇਂ ਦੇ ਸਾਰੇ ਕਲੇਸ਼, ਇਕ ਨਾਮ ਨੂੰ ਹਿਰਦੇ ਵਿਚ ਵਸਾ ਕੇ ਮਿਟ ਜਾਂਦੇ ਹਨ - 'ਕਲੀ ਕਾਲ ਕੇ ਮਿਟੇ ਕਲੇਸਾ।। ਏਕੋ ਨਾਮੁ ਮਨਿ ਮਹਿ ਪਰਵੇਸਾ।।'

**ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ ਨਿਕਟਿ ਨ ਆਵੈ ਜਾਮ।।**

## ਮੁਕਤਿ ਬੈਕੁੰਠ ਸਾਧ ਕੀ ਸੰਗਤਿ  ਜਨ ਪਾਇਓ ਹਰਿ ਕਾ ਧਾਮ॥੧॥

-- ਪਾਤਸ਼ਾਹ ਫੁਰਮਾਣ ਕਰਦੇ ਹਨ ਕਿ ਮਾਲਕ ਪ੍ਰਭੂ ਦਾ ਸਿਮਰਣ ਕਰ ਕਰ ਕੇ, ਜਮ ਵੀ ਨੇੜੇ ਨਹੀਂ ਆ ਸਕਦਾ, ਭਾਵ, ਜਮਾਂ ਦਾ ਭੈਅ ਮੁਕ ਜਾਂਦਾ ਹੈ।

ਪੰਚਮ ਪਾਤਸ਼ਾਹ, 'ਸੁਖਮਨੀ' ਸਾਹਿਬ ਬਾਣੀ ਵਿਚ ਉਚਾਰਣ ਕੀਤਾ ਹੈ - 'ਪ੍ਰਭ ਕੈ ਸਿਮਰਨਿ  ਨਾਹੀ ਜਮ ਤ੍ਰਾਸਾ॥'

-- ਦੂਜੇ, ਜੋ ਜਨ, ਸਾਧੂ ਦੀ ਸੰਗਤਿ ਕਰ ਲੈਂਦੇ ਹਨ, ਜੋ ਹੈ ਹੀ ਬੈਕੁੰਠ, ਉਹ ਜਨ ਮੁਕਤੀ ਦੀ ਦਾਤ ਪ੍ਰਾਪਤ ਕਰ ਲੈਂਦੇ ਹਨ। ਇਹੀ ਜਨ, ਹਰੀ ਦੇ ਧਾਮ, ਘਰ ਨੂੰ ਪ੍ਰਾਪਤ ਕਰ ਲੈਂਦੇ ਹਨ।
ਪੰਜਵੇਂ ਪਾਤਸ਼ਾਹ ਨੇ, ੭੪੨ ਪੰਨੇ ਤੇ, ਬਚਨ ਕੀਤਾ ਹੈ ਕਿ ਜਿਥੇ ਸੰਤ ਦਾ ਵਾਸਾ ਹੁੰਦਾ ਹੈ ਉਹ ਹੀ ਬੈਕੁੰਠ ਨਗਰ ਹੈ – 'ਬੈਕੁੰਠ ਨਗਰੁ  ਜਹਾ ਸੰਤ ਵਾਸਾ॥'
ਪੰਨਾ ੧੨੦੮ ਤੇ ਤਾਂ ਇਥੋਂ ਤਕ ਬਚਨ ਕਰ ਦਿਤਾ ਕਿ ਇਕ ਪਲਕ ਝਪਕਣ ਦੇ ਸਮੇਂ ਦੇ ਬਰਾਬਰ ਵੀ ਸਾਧੂ ਦੀ ਸੰਗਤਿ ਦਾ ਸੁਖ, ਕਰੋੜਾਂ ਬੈਕੁੰਠਾਂ ਦੇ ਬਰਾਬਰ ਹੈ – '**ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ॥**'
ਭਗਤ ਕਬੀਰ ਜੀ ਸਾਧੂ ਦੀ ਸੰਗਤ ਨੂੰ, ਆਪਣੇ ਦੋ ਸ਼ਬਦਾਂ ਵਿਚ ਬੈਕੁੰਠ ਦਸਿਆ ਹੈ – '**ਸਾਧ ਸੰਗਤਿ ਬੈਕੁੰਠੈ ਆਹਿ॥**', ਪੰਨਾ ੩੨੧ ਅਤੇ ੧੧੬੧.

## ਚਰਨ ਕਮਲ ਹਰਿ ਜਨ ਕੀ ਥਾਤੀ  ਕੋਟਿ ਸੂਖ ਬਿਸ੍ਰਾਮ॥
## ਗੋਬਿੰਦੁ ਦਮੋਦਰ ਸਿਮਰਉ ਦਿਨ ਰੈਨਿ  ਨਾਨਕ ਸਦ ਕੁਰਬਾਨ॥੨॥੧੭॥

-- ਪ੍ਰਭੂ ਦੇ ਚਰਣ, ਭਾਵ, ਨਾਮ ਹੀ ਹਰੀ ਦੇ ਜਨਾਂ ਦਾ ਖ਼ਜ਼ਾਨਾ ਹੁੰਦਾ ਹੈ ਅਤੇ ਉਸ ਵਿਚ ਹੀ ਕਰੋੜਾਂ ਸੁਖਾਂ ਦਾ ਵਾਸਾ ਹੈ।
ਪਾਤਸ਼ਾਹ, ੧੯੬ ਪੰਨੇ ਤੇ ਫੁਰਮਾਣ ਕਰਦੇ ਹਨ ਕਿ ਜਿਸ ਨੂੰ ਨਾਮ ਦੀ ਪੂੰਜੀ, ਰਾਸ ਪ੍ਰਾਪਤ ਹੋ ਜਾਂਦੀ ਹੈ ਤਾਂ ਉਸ ਦੇ ਸੰਸਾਰ ਵਿਚ ਵਿਚਰਦਿਆਂ ਦੇ ਸਾਰੇ ਕਾਰਜ ਪੂਰਣ ਹੋ ਜਾਂਦੇ ਹਨ - 'ਥਾਤੀ ਪਾਈ  ਹਰਿ ਕੋ ਨਾਮ॥ ਬਿਚਰੁ ਸੰਸਾਰ ਪੂਰਨ ਸਭਿ ਕਾਮ॥'
ਪਾਤਸ਼ਾਹ, 'ਸੋਹਿਲਾ' ਬਾਣੀ ਵਿਚ ਉਪਦੇਸ਼ ਦਿੰਦੇ ਹਨ ਕਿ ਇਸ ਮਨੁਖਾ ਜਨਮ ਵਿਚ ਜੋ, ਪਰਮੇਸ਼ਰ ਦੇ ਨਾਮ ਸਿਮਰਣ ਦੀ ਰਾਸ ਪੂੰਜੀ ਜਮਾਂ ਕਰ ਜਾਂਦਾ ਹੈ, ਉਸ ਦਾ ਅਗੇ ਜਾ ਕੇ ਵਸਣਾ ਸੁਖੈਨ ਹੋ ਜਾਂਦਾ ਹੈ - 'ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥' ਪੰਨਾ ੯੮੭ ਤੇ ਫੁਰਮਾਣ ਕਰਦੇ ਹਨ ਕਿ ਪ੍ਰਭੂ ਦਾ ਨਾਮ ਸਾਧ ਜਨਾਂ ਤੋਂ ਸੁਣ ਕੇ, ਜਪ ਕੇ ਸਾਰੇ ਦੁਖ ਦੂਰ ਹੋ ਜਾਂਦੇ ਹਨ - 'ਸੁਨਤ ਜੀਓ  ਜਾਸੁ ਨਾਮੁ॥ ਦੁਖ ਬਿਨਸੇ  ਸੁਖ ਕੀਓ ਬਿਸ੍ਰਾਮੁ॥'

-- ਉਸ ਗੋਬਿੰਦ, ਦਮੋਦਰ, ਭਾਵ ਪ੍ਰਭੂ/ਗੁਰੂ ਨੂੰ ਦਿਨ ਰਾਤ ਸਿਮਰੀਏ ਅਤੇ ਉਸ ਤੋਂ ਆਪਣਾ ਆਪਾ ਵਾਰ ਦਈਏ।
ਦਮੋਦਰ ਦਾ ਅਰਥ ਹੈ, ਉਹ ਸ੍ਰੀ ਕ੍ਰਿਸ਼ਨ ਜੀ, ਜਿਨ੍ਹਾਂ ਦੇ ਲੱਕ ਦੁਆਲੇ, ਮਾਤਾ ਜਸੋਦਾ ਨੇ ਰੱਸੀ ਬੰਨ੍ਹ ਦਿਤੀ ਸੀ (ਦਾਮ ਉਦਰ), ਅਤੇ ਜਿਸ ਦੇ ਪੇਟ ਵਿਚ ਸਾਰਾ ਬ੍ਰਹਿਮੰਡ ਹੈ। ਗੋਬਿੰਦ ਦਾ ਅਰਥ ਹੈ, ਸ੍ਰਿਸ਼ਟੀ ਦਾ ਪਾਲਣਹਾਰਾ ਅਤੇ ਉਹ ਸ੍ਰੀ ਕ੍ਰਿਸ਼ਨ ਜੀ, ਜੋ ਗਊਆਂ ਚਾਰਣ ਵਾਲੇ ਹਨ। ਸ੍ਰੀ ਕ੍ਰਿਸ਼ਨ ਜੀ ਦੇ ਨਾਂ, ਗੁਰ-ਜੋਤਿ ਹੋਣ ਕਰਕੇ ਵਰਤੇ ਗਏ ਹਨ। ਇਥੇ ਇਹ ਦੋਵੇਂ ਲਫ਼ਜ਼, ਇਹ ਦਸਦੇ ਹਨ ਕਿ **ਗੁਰ-ਪਰਮੇਸ਼ਰ** ਅਤੇ **ਪਾਰਬ੍ਰਹਮ-ਪਰਮੇਸ਼ਰ**, ਦੋਹਾਂ ਰੂਪਾਂ ਬਾਰੇ ਗਲ ਕੀਤੀ ਜਾ ਰਹੀ ਹੈ। ਚੌਥੇ ਪਾਤਸ਼ਾਹ, ਪੰਨਾ ੧੩੨੧ ਤੇ ਹੋਰ ਵੀ ਅਜਿਹੇ ਸਾਰੇ ਨਾਂ, ਪ੍ਰਭੂ/ਗੁਰੂ ਲਈ ਵਰਤ ਕੇ, ਇਨ੍ਹਾਂ ਦਾ ਨਾਮ, ਗੁਰੂ ਤੋਂ ਉਪਦੇਸ਼ ਲੈ ਕੇ, ਜਪਣ ਲਈ ਉਪਦੇਸ਼ ਕਰਦੇ ਹਨ - 'ਦੀਨ ਦਇਆਲ ਜਗਦੀਸ ਦਮੋਦਰ ਹਰਿ ਅੰਤਰਜਾਮੀ ਗੋਬਿੰਦੇ।। ਤੇ ਨਿਰਭਉ ਜਿਨ ਸ੍ਰੀ ਰਾਮੁ ਧਿਆਇਆ ਗੁਰਮਤਿ ਮੁਰਾਰਿ ਹਰਿ ਮੁਕੰਦੇ।।' ਸਿਮਰਣ ਦੋਹਾਂ, ਗੁਰ-ਪਰਮੇਸ਼ਰ ਅਤੇ ਪਾਰਬ੍ਰਹਮ-ਪਰਮੇਸ਼ਰ, ਦਾ ਹੀ ਪ੍ਰਵਾਨਤ ਹੈ, ਜਿਵੇਂ ਦਸਮ ਪਾਤਸ਼ਾਹ ਨੇ ਦਰਜ ਕੀਤਾ ਹੈ - 'ਪ੍ਰਥਮਿ ਭਗਉਤੀ **ਸਿਮਰ** ਕੈ ਗੁਰੂ ਨਾਨਕ ਲਈ **ਧਿਆਏ**।।... ਅਰਜੁਨ ਹਰਿਗੋਬਿੰਦ ਨੋ **ਸਿਮਰੌ** ਸ੍ਰੀ ਹਰਿਰਾਇ।।...' ਗੁਰੂ ਗ੍ਰੰਥ ਸਾਹਿਬ ਵਿਚ ਵੀ ਦਰਜ ਹੈ ਕਿ ਜੋ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਜਾਪ ਕਰ ਲੈਂਦਾ ਹੈ ਉਸ ਨੂੰ ਫ਼ਿਰ ਤੋਂ ਗਰਭ ਜੂਨ ਦੇ ਸੰਕਟ ਵਿਚ ਨਹੀਂ ਪੈਣਾ ਪੈਂਦਾ - 'ਜਪ੍ਯਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ।।', ਪੰਨਾ ੧੪੦੯.
ਅਜ ਇਸ ਕਲਿਜੁਗ ਵਿਚ ਗੁਰ-ਪਰਮੇਸ਼ਰ ਦਾ ਸਰੂਪ, ਦਸ ਸ੍ਰੀ ਗੁਰੂ ਨਾਨਕ ਸਾਹਿਬਾਨ ਹਨ। ਪੰਚਮ ਪਾਤਸ਼ਾਹ, ਪੰਨਾ ੭੯੪ ਤੇ ਫ਼ੁਰਮਾਣ ਕਰਦੇ ਹਨ - 'ਗੁਣ ਗਾਇ ਗੋਬਿੰਦ ਅਨਦੁ ਉਪਜੈ ਸਾਧ ਸੰਗਤਿ ਸੰਗਿ ਬਨੀ।।', ਭਾਵ, ਪ੍ਰਭੂ/ਗੁਰੂ ਦਾ ਨਾਮ, ਸਾਧੂ ਦੀ ਸੰਗਤਿ ਕਰਦੇ ਹੋਏ, ਜਪਣ ਨਾਲ ਅਨੰਦ ਪੈਦਾ ਹੋ ਜਾਂਦਾ ਹੈ।

